100 ਵਿਦਿਆਰਥੀਆਂ ਦਾ ਟੂਰ ਸਾਇੰਸ ਸਿਟੀ ਰਵਾਨਾ

ਸਾਇੰਸ ਵਿਸ਼ੇ ਪ੍ਰਤੀ ਰੁਚੀ ਪੈਦਾ ਕਰਦੇ ਹਨ ਅਜਿਹੇ ਟੂਰ - ਮੈਡਮ ਹਰਜਿੰਦਰ ਕੌਰ

ਤਰਨ ਤਾਰਨ, 3 ਅਗਸਤ ( ) - ਪੰਜਾਬ ਰਾਜ ਸਾਇੰਸ ਸਿੱਖਿਆ ਚੰਡੀਗੜ੍ਹ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਵਿਦਿਆਰਥੀਆਂ ਵਿੱਚ ਸਾਇੰਸ ਵਿਸ਼ੇ ਦੀ ਰੁਚੀ ਪੈਦਾ ਕਰਨ ਲਈ ਅੱਜ ਤਰਨ ਤਾਰਨ ਜਿਲ੍ਹੇ ਦੇ 100 ਵਿਦਿਆਰਥੀਆਂ ਦਾ ਟੂਰ ਸਾਇੰਸ ਸਿਟੀ ਕਪੂਰਥਲਾ ਵਿਖੇ ਭੇਜਿਆ ਗਿਆ। ਅੱਜ ਸਰਕਾਰੀ ਹਾਈ ਸਕੂਲ ਅਲਗੋਂ ਕੋਠੀ ਅਤੇ ਸਰਕਾਰੀ ਹਾਈ ਸਕੂਲ ਬਾਸਰਕੇ ਭੈਣੀ ਦੇ ਵਿਦਿਆਰਥੀਆਂ ਦੀਆਂ ਬੱਸਾਂ ਨੂੰ ਮਾਣਯੋਗ ਉੱਪ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ.) ਤਰਨ ਤਾਰਨ ਸ੍ਰੀ ਮਤੀ ਹਰਜਿੰਦਰ ਕੌਰ ਵੱਲੋਂ ਝੰਡੀ ਦੇ ਕੇ ਰਵਾਨਾ ਕੀਤਾ ਗਿਆ। ਇਸ ਮੌਕੇ ਉੱਤੇ ਮਾਸਟਰ ਅਮਰੀਕ ਸਿੰਘ, ਡੀ.ਈ.ਓ. (ਘਰਾਂ) ਕੁਲਵਿੰਦਰ ਕੌਰ, ਸੁਖਚੈਨ ਸਿੰਘ ਆਦਿ ਹਾਜ਼ਰ ਸਨ। ਮੈਡਮ ਹਰਜਿੰਦਰ ਕੌਰ ਨੇ ਕਿਹਾ ਕਿ ਅਜਿਹੇ ਵਿਦਿਅਕ ਟੂਰ ਵਿਦਿਆਰਥੀਆਂ ਵਿੱਚ ਸਾਇੰਸ ਵਿਸ਼ੇ ਪ੍ਰਤੀ ਰੁਚੀ ਪੈਦਾ ਕਰਨ ਵਿੱਚ ਅਹਿਮ ਰੋਲ ਅਦਾ ਕਰਦੇ ਹਨ ਅਤੇ ਵਿਦਿਆਰਥੀ ਵੀ ਬਹੁਤ ਉਤਸ਼ਾਹ ਨਾਲ ਅਜਿਹੇ ਟੂਰ ਪ੍ਰੋਗਰਾਮਾਂ ਵਿੱਚ ਹਿੱਸਾ ਲੈਂਦੇ ਹਨ। ਉਹਨਾਂ ਕਿਹਾ ਕਿ ਅੱਜ ਪਹਿਲੇ ਦਿਨ 100 ਵਿਦਿਆਰਥੀਆਂ ਦਾ ਟੂਰ ਰਵਾਨਾ ਕੀਤਾ ਗਿਆ। ਉਹਨਾਂ ਕਿਹਾ ਕਿ ਛੁੱਟੀਆਂ ਬਾਅਦ ਇਕ ਹਫ਼ਤੇ ਤੋਂ ਹਰ ਰੋਜ਼ 100 ਵਿਦਿਆਰਥੀਆਂ ਦਾ ਟੂਰ ਸਾਇੰਸ ਸਿਟੀ ਕਪੂਰਥਲਾ ਵਿਖੇ ਜਾਇਆ ਕਰੇਗਾ। ਇਹ ਟੂਰ ਪ੍ਰੋਗਰਾਮ ਜਨਵਰੀ ਮਹੀਨੇ ਤੱਕ ਚੱਲਦੇ ਰਹਿਣਗੇ।

